

 ISSN : 2395-1273 **www.sanvad.org**

# ਉਤਰ-ਮਾਨਵਵਾਦ : ਸਾਈਬੋਰਗ ਮੈਨੀਫੈਸਟੋ ਸੰਦਰਭ

ਮਾਨਵ ਸਭਿਅਤਾ ਦੇ ਵਿਕਾਸ ਦਾ ਅਜਿਹਾ ਪੜਾਅ ਸਾਹਮਣੇ ਆ ਚੁੱਕਾ ਹੈ ਜਦੋਂ 'ਮਾਨਵ' ਦੀ ਸੰਕਲਪਨਾ ਨੂੰ ਹੀ ਚੁਣੌਤੀ ਦਿੱਤੀ ਜਾ ਰਹੀ ਹੈ। ਮਾਨਵੀਂ ਦਰਸ਼ਨ ਦਾ ਇਹ ਵਿਚਿੱਤਰ ਮੋੜ ਹੈ। 'ਮਾਨਵ' ਜੋ ਪ੍ਰਕ੍ਰਿਤੀ ਨੂੰ ਆਪਣੀ ਕਿਰਤ ਦੁਆਰਾ ਲਗਾਤਾਰ ਸਭਿਆਚਾਰ ਵਿਚ ਢਾਲਦਾ ਹੋਇਆ ਸੰਸਕ੍ਰਿਤੀਆਂ ਦਾ ਨਿਰਮਾਣ ਕਰਦਾ ਆ ਰਿਹਾ ਸੀ ਅਤੇ ਪੂਰੇ 'ਬ੍ਰਹਿਮੰਡ' ਦਾ ਕੇਂਦਰ ਸੀ। ਅੱਜ ਉਸਦੀ ਸੱਤਾ ਦੀ ਵਿਸਥਾਪਨਾ ਦੇ ਦੁਆਰ ਖੋਲ੍ਹ ਦਿੱਤੇ ਗਏ ਹਨ। ਦਰਸ਼ਨ ਸ਼ਾਸਤਰ ਦੇ ਖੇਤਰ ਵਿਚ 17ਵੀਂ ਸਦੀ ਦੇ ਦਾਰਸ਼ਨਿਕ ਰੇਨੇ ਡੇਕਾਰਟਸ ਦੀ ਪੁਸਤਕ **Discourse on Method** ਰਾਹੀਂ 'ਮਾਨਵ' ਦੀ ਹੋਂਦ ਸਬੰਧੀ ਭਰਵੀਂ ਦਾਰਸ਼ਨਿਕ ਬਹਿਸ ਕੀਤੀ ਗਈ। ਇਸ ਪੁਸਤਕ ਨੇ ਹੀ 'ਮਾਨਵਵਾਦ' ਦੀ ਧਾਰਨਾਵਾਂ ਲਈ ਰਾਹ ਪੱਧਰਾ ਕੀਤਾ। ਇਸ ਪੁਸਤਕ ਦਾ ਮਨੋਰਥ ਚਿੰਤਨ ਦਾ ਨਵਾਂ ਮਾਰਗ ਤਲਾਸ਼ਣਾ ਸੀ ਜਿਹੜਾ ਕਿ ਗਣਿਤ ਦੇ ਵਸਤੂਪਰਕ ਸੱਚ ਅਤੇ ਗਿਆਨ ਇੰਦਰੀਆਂ ਦੇ ਸਹਿਜ ਗਿਆਨ ਦੇ ਸੰਯੋਜਨ ਤੋਂ ਉਤਪੰਨ ਹੋਵੇ। 17ਵੀਂ ਸਦੀ ਵਿਚ 'ਮਾਨਵ' ਦੀ ਹੋਂਦ ਸਬੰਧੀ ਜਿੰਨੀਆਂ ਧਾਰਨਾਵਾਂ ਪੇਸ਼ ਕੀਤੀਆਂ ਜਾ ਰਹੀਆਂ ਸਨ, ਰੇਨੇ ਡੇਕਾਰਟ ਨੇ ਆਪਣੀ ਇਸ ਪੁਸਤਕ ਰਾਹੀਂ ਉਹਨਾਂ ਸਭਨਾਂ ਧਾਰਨਾਵਾਂ ਦਾ ਨਿਤਾਰਾ ਕਰਦਿਆਂ 'ਮਾਨਵ' ਦੀ ਬ੍ਰਹਿਮੰਡਕ ਸਥਿਤੀ ਨੂੰ ਦਰਸ਼ਨ ਸ਼ਾਸਤਰ ਦੁਆਰਾ ਪਰਿਭਾਸ਼ਿਤ ਅਤੇ ਸਥਾਪਿਤ ਕਰਨ ਦਾ ਯਤਨ ਕੀਤਾ।

19ਵੀਂ ਸਦੀ ਵਿਚ ਚਾਰਲਸ ਡਾਰਵਿਨ ਦੇ ਜੀਵ ਵਿਕਾਸ ਦੇ ਮਾਡਲ ਤੋਂ ਪ੍ਰਭਾਵਿਤ ਮਾਨਵ ਵਿਗਿਆਨੀਆਂ ਨੇ ਮਾਨਵ ਦੇ ਸਾਂਸਕ੍ਰਿਤਕ ਵਿਕਾਸ ਪੜਾਵਾਂ ਦਾ ਵਿਗਿਆਨਕ ਅਧਿਐਨ ਪ੍ਰਸਤੁਤ ਕੀਤਾ। ਮਾਨਵ ਵਿਗਿਆਨੀਆਂ (ਈ. ਬੀ. ਟਾਈਲਰ, ਜੇਮਜ਼ ਫਰੇਜ਼ਰ) ਮਨੁੱਖੀ ਚੇਤਨਾ ਨੂੰ ਬਾਕੀ ਜੀਵ ਜਗਤ ਤੋਂ ਨਿਖੇੜਦਿਆਂ ਇਸਦੇ ਸਾਂਸਕ੍ਰਿਤਕ ਵਿਕਾਸ ਦੇ ਤਿੰਨ ਯੁਗਾਂ ਦਾ ਸੰਕਲਪ ਪ੍ਰਸਤੁਤ ਕੀਤਾ। ਜਿਨ੍ਹਾਂ ਨੂੰ ਕ੍ਰਮਵਾਰ ਜਾਦੂ ਚਿੰਤਨ ਯੁਗ, ਧਰਮ ਚਿੰਤਨ ਯੁਗ ਅਤੇ ਵਿਗਿਆਨਕ ਚਿੰਤਨ ਯੁਗ ਕਿਹਾ ਜਾਂਦਾ ਹੈ। ਜਾਦੂ ਚਿੰਤਨ ਅਤੇ ਵਿਗਿਆਨਕ ਚਿੰਤਨ ਦੋਵੇਂ ਵਧੇਰੇ ਮਾਨਵ ਕੇਂਦਰਿਤ ਧਾਰਨਾਵਾਂ ਹਨ। ਜਾਦੂ ਅਤੇ ਵਿਗਿਆਨਕ ਮਾਨਵ ਨੂੰ ਸਰਵ-ਸ਼ਕਤੀਸ਼ਾਲੀ ਕੇਂਦਰ ਮੰਨ ਕੇ ਪੂਰਨ ਪ੍ਰਕਿਰਤੀ ਨੂੰ ਉਸਦੇ ਸਾਹਮਣੇ ਉਸਦੀ ਮਰਜ਼ੀ ਅਨੁਰੂਪ ਗੋਡੇ ਟੇਕਣ ਦੀ ਧਾਰਨਾ ਦੀ ਹਾਮੀ ਭਰਦੀਆਂ ਹਨ। ਜਾਦੂ ਚਿੰਤਨ ਅਤੇ ਵਿਗਿਆਨਕ ਚਿੰਤਨ ਦੀ ਬੁਨਿਆਦੀ ਸਾਂਝ ਇਹ ਹੈ ਕਿ ਇਹ ਦੋਵੇਂ ਚਿੰਤਨ ਪ੍ਰਕਿਰਤੀ ਪਿਛਲੀ ਤਾਕਤ ਨੂੰ ਵਿਅਕਤੀ ਰਹਿਤ ਅਤੇ ਅਵਚੇਤਨ ਪ੍ਰਵਾਨ ਕਰਦੇ ਹਨ। ਇਹ ਦੋਵੇਂ ਚਿੰਤਨ ਪ੍ਰਕਿਰਤੀ ਨੂੰ ਕਾਰਨ-ਕਾਰਜ ਸਬੰਧਾਂ ਦੀ ਲੜੀ ਵਿਚ ਬੱਝੀ ਚਲਾਇਮਾਨ ਸਵੀਕਾਰ ਕਰਦੇ ਹਨ ਅਤੇ ਇਹਨਾਂ ਕਰਨ-ਕਾਰਜ ਸਬੰਧਾਂ ਨੂੰ ਆਪਣੀ ਵਰਤੋਂ ਲਈ ਇਸਤੇਮਾਲ ਕਰਕੇ ਕਾਰਜ ਪੂਰਤੀ ਕਰਨੀ ਇਹਨਾਂ ਦੋਵੇਂ ਚਿੰਤਨਾਂ ਦਾ ਮੂਲ ਲੱਛਣ ਹੈ। ਪ੍ਰਕਿਰਤੀ ਦੇ ਇਹਨਾਂ ਕਾਰਨ-ਕਾਰਜ ਸਬੰਧਾਂ ਦਾ ਗਿਆਨ ਅਤੇ



**ਡਾ. ਤੇਜਿੰਦਰ ਸਿੰਘ**
ਅਸਿਸਟੈਂਟ ਪ੍ਰੋਫ਼ੈਸਰ
ਗੋਬਿੰਦਗੜ੍ਹ ਪਬਲਿਕ ਕਾਲਜ, ਖੰਨਾ
9914465086
Singhteji81@gmail.com

ਇਹਨਾਂ ਨੂੰ ਆਪਣੀ ਲੋੜ ਮੁਤਾਬਕ ਢੁਕਵੀਂ ਦਿਸ਼ਾ ਪ੍ਰਦਾਨ ਕਰਕੇ ਕਾਰਜ ਸਾਧਣਾ 'ਮਨੁੱਖ' ਨੂੰ ਵਧੇਰੇ ਸ਼ਕਤੀਸ਼ਾਲੀ ਅਤੇ ਬ੍ਰਹਿਮੰਡ ਦੇ ਕੇਂਦਰ ਵਿਚ ਸਥਾਪਿਤ ਕਰਦਾ ਹੈ। ਧਰਮ ਚਿੰਤਨ ਪ੍ਰਕਿਰਤੀ ਪਿਛਲੀ ਤਾਕਤ ਨੂੰ ਚੇਤਨ, ਵਿਅਕਤਿਤਵ ਦੀ ਧਾਰਨਾ ਪ੍ਰਵਾਨ ਕਰਦਾ ਹੈ। ਇਸ ਚਿੰਤਨ ਅਨੁਸਾਰ ਪ੍ਰਕਿਰਤੀ ਪਿਛਲੀ ਇਸ ਸ਼ਕਤੀ ਦੀ ਮਰਜ਼ੀ ਤੋਂ ਬਿਨਾਂ ਬ੍ਰਹਿਮੰਡ ਦੇ ਕਿਸੇ ਕਾਰਜ ਜਾਂ ਘਟਨਾ ਦਾ ਵਾਪਰਨਾ ਅਸੰਭਵ ਹੈ। ਇਸ ਸ਼ਕਤੀ ਨੂੰ ਆਦੇਸ਼ ਨਹੀਂ ਦਿੱਤਾ ਜਾ ਸਕਦਾ ਕੇਵਲ ਅਰਜ਼ੋਈਆਂ ਕੀਤੀਆਂ ਜਾ ਸਕਦੀਆਂ ਹਨ। ਧਰਮ ਚਿੰਤਨ ਵਿਚ ਮਾਨਵ ਸਥਿਤੀ ਹੀਣ ਹੈ। ਉਹ ਪ੍ਰਕਿਰਤੀ ਪਿਛਲੀ ਤਾਕਤ ਸਾਹਵੇਂ ਸਾਹ ਸਤ ਹੀਣ ਅਤੇ ਉਸਦੇ ਰਹਿਮੋ ਕਰਮ 'ਤੇ ਨਿਰਭਰ ਤਰਸਯੋਗ ਹੋਂਦ ਹੈ। ਇਹ ਤਿੰਨ ਯੁਗ ਮਾਨਵ ਦੇ ਆਦਿਮ ਸੰਘਰਸ਼ ਤੋਂ ਲੈ ਕੇ ਮਸਨੂਈ ਚੇਤਨਾ ਦੀ ਵਰਤੋਂ ਦੇ ਸਮਿਆਂ ਤਕ ਫੈਲੇ ਹੋਏ ਹਨ। ਹਰ ਯੁਗ ਵਿਚ ਭਾਵੇਂ ਉਹ ਪ੍ਰਕਿਰਤੀ ਨੂੰ ਕਾਬੂ ਕਰਨ ਦਾ ਭਰਮ ਪਾਲਣ ਵਾਲੀ ਸੱਤਾ ਹੋਵੇ ਭਾਵੇਂ ਪ੍ਰਕਿਰਤੀ ਸਾਹਮਣੇ ਗਿੜਗਿੜਾ ਰਿਹਾ ਵਜੂਦ ਹੋਵੇ 'ਮਾਨਵ' ਦੀ ਧਾਰਨਾ ਉੱਘੜਦੀ ਅਤੇ ਕੇਂਦਰ ਬਣਦੀ ਹੈ।

ਰੇਨੇ ਡੇਕਾਰਟ ਦੀ **Discourse on Method** (1637) ਪੁਸਤਕ ਵਿਚ 'ਮਾਨਵ' ਸਬੰਧੀ ਦਿੱਤੀ ਸੰਕਲਪਨਾ ਇਸਦੇ ਆਦਿਮ ਸੰਘਰਸ਼ ਤੋਂ ਲੈ ਕੇ ਸਭਿਅਕ ਸਮਾਜਾਂ ਦੇ ਜਟਿਲ ਗਠਨ ਦੀ ਪ੍ਰਕ੍ਰਿਆ ਵਿਚੋਂ ਉਪਜੀ ਮਾਨਵੀ ਸੰਕਲਪਨਾ ਦੀ ਨਿਸ਼ਾਨਦੇਹੀ ਕਰਕੇ 'ਮਾਨਵਵਾਦ' ਦਾ ਵਿਚਾਰ ਪੈਦਾ ਕਰਦੀ ਹੈ। ਉਸਦਾ ਚਿੰਤਨ ਆਸਤਿਕ ਚਿੰਤਨ ਸੀ। ਇਸ ਤਰ੍ਹਾਂ ਉਹ ਧਰਮ ਚਿੰਤਨ ਯੁਗ ਦੇ ਪੜਾਅ ਦੀਆਂ ਮਾਨਤਾਵਾਂ ਦੀ ਪਿਠਭੂਮੀ ਵਿਚ 'ਮਾਨਵ' ਦੀ ਧਾਰਨਾ ਉਸਾਰਦਾ ਹੈ। ਉਸਦੇ ਚਿੰਤਨ ਦਾ ਕੇਂਦਰ ਰੱਬ ਜਾਂ ਪਰਮਸੱਤਾ (God) ਦੀ ਧਾਰਨਾ ਸੀ। ਜਿਸਨੂੰ ਉਹ ਪੂਰਨ ਸੱਤਾ (Perfect) ਸਵੀਕਾਰ ਕਰਦਾ ਹੈ ਅਤੇ ਉਹ ਇਸ ਪੂਰਨ ਸੱਤਾ ਨੂੰ ਕੇਂਦਰ ਮੰਨ ਕੇ ਜੀਵ ਜਗਤ ਅਤੇ ਮਸ਼ੀਨ ਨਾਲੋਂ ਮਨੁੱਖੀ ਹੋਂਦ ਨੂੰ ਵਖਰਿਆਉਂਦਾ, ਵਡਿਆਉਂਦਾ ਅਤੇ ਕੇਂਦਰ ਵਿਚ ਸਥਾਪਿਤ ਕਰਦਾ ਹੈ। ਭਾਵੇਂ 17ਵੀਂ ਸਦੀ ਵਿਚ ਮਸ਼ੀਨਾਂ ਦੀ ਜਟਿਲਤਾ 21ਵੀਂ ਸਦੀ ਦੇ ਮੁਕਾਬਲਤਨ ਮੁਢਲੀ ਭਾਂਤ ਦੀ ਰਹੀ ਹੋਵੇਗੀ ਪ੍ਰੰਤੂ ਫਿਰ ਵੀ ਡੇਕਾਰਟ ਨੇ ਇਕ ਐਸੇ ਭਵਿੱਖ ਦੀ ਸੰਕਲਪਨਾ ਕੀਤੀ ਕਿ ਜੇਕਰ ਭਵਿੱਖ ਵਿਚ ਵਧੇਰੇ ਵਿਕਸਿਤ ਮਸ਼ੀਨਾਂ ਦੀ ਸਿਰਜਣਾ ਹੋਵੇਗੀ ਤਾਂ ਕਿਹੜੇ ਆਧਾਰਾਂ 'ਤੇ ਉਹ ਮਨੁੱਖ ਨਾਲੋਂ ਹੀਣ ਹੋਣਗੀਆਂ। ਡੇਕਾਰਟ ਇਸ ਸਬੰਧੀ ਲਿਖਦਾ ਹੈ ਕਿ:

> ਜੇਕਰ ਨੈਤਿਕ ਸੰਭਾਵਨਾ ਹੋਈ ਅਤੇ ਮਨੁੱਖੀ ਵਜੂਦ ਦੀ ਨਕਲ ਕਰਦੀਆਂ ਮਸ਼ੀਨਾਂ ਦੀ ਸਿਰਜਣਾ ਹੋ ਸਕੀ ਜਿਹੜੀਆਂ ਮਾਨਵ ਦੀ ਨਕਲ ਕਰ ਸਕਦੀਆਂ ਹੋਣ, ਤਾਂ ਦੋ ਮੁੱਖ ਆਧਾਰ ਹੋਣਗੇ ਜਿਨ੍ਹਾਂ ਕਾਰਨ ਉਹ 'ਮਾਨਵ' ਨਹੀਂ ਅਖਵਾ ਸਕਣਗੀਆਂ। ਇਹਨਾਂ ਵਿਚੋਂ ਪਹਿਲਾ ਇਹ ਹੈ ਕਿ ਉਹ ਕਦੀ ਵੀ ਸ਼ਬਦਾਂ ਜਾਂ ਚਿੰਨ੍ਹਾਂ ਨੂੰ ਇਕ ਖ਼ਾਸ ਕ੍ਰਮ ਵਿਚ ਇਸਤੇਮਾਲ ਨਹੀਂ ਕਰ ਸਕਣਗੀਆਂ ਜਿਸ ਨਾਲ ਉਹ ਆਪਣਾ ਵਿਚਾਰ ਕਿਸੇ ਦੂਸਰੇ ਤੀਕ ਪਹੁੰਚਾ ਸਕਣ ਦੂਸਰਾ ਹੋ ਸਕਦਾ ਹੈ ਇਹ ਮਸ਼ੀਨਾਂ ਮਨੁੱਖ ਜਿੰਨੀਆਂ ਜਾਂ ਅਸਟੋ ਵਧੇਰੇ ਕਾਰਜ ਕਰਨ ਦੀ ਸਮਰੱਥਾ ਰੱਖਦੀਆਂ ਹੋਣ, ਪ੍ਰੰਤੂ ਉਹਨਾਂ ਦੀਆਂ ਕਿਰਿਆਵਾਂ ਕੇਵਲ ਵਿਸ਼ੇਸ਼ ਅੰਗਾਂ ਦੀਆਂ ਖ਼ਾਸ ਹਰਕਤਾਂ ਨਾਲ ਸਬੰਧਤ ਹੋਣਗੀਆਂ। ਉਹ ਗਿਆਨ ਅਤੇ ਤਰਕ ਦੀ ਵਰਤੋਂ ਤੋਂ ਵਿਪਰੀਤ ਵਿਭਿੰਨ ਅੰਗਾਂ ਦੀ ਖ਼ਾਸ ਕਾਰਜਾਂ ਲਈ ਤਿਆਰ ਕੀਤੀ ਵਿਵਸਥਾ ਅਨੁਸਾਰ ਕੰਮ ਕਰਨਗੀਆਂ।[1]

ਡੇਕਾਰਟ ਨੇ ਗਿਆਨ ਅਤੇ ਤਰਕ ਕਰ ਸਕਣ ਦੀ ਮਾਨਵੀ ਸਮਰੱਥਾ ਨੂੰ ਮਾਨਵ ਦੀ ਫ਼ਿਤਰਤ (Nature) ਪ੍ਰਵਾਨ ਕੀਤਾ ਅਤੇ ਇਸੇ ਆਧਾਰ 'ਤੇ ਇਸਨੂੰ (ਮਾਨਵ) ਮਸ਼ੀਨ ਅਤੇ ਜਾਨਵਰ ਨਾਲੋਂ ਜੁਦਾ ਕਰਕੇ ਪ੍ਰਤੱਖਣ ਕਰਨ ਦਾ ਯਤਨ ਕੀਤਾ। ਡੇਕਾਰਟ ਦੇ ਚਿੰਤਨ ਅਨੁਸਾਰ ਇਸ ਤਰਕ ਕਰਨ ਦੀ ਸਮਰੱਥਾ ਕਰਨ ਵਾਲੀ ਆਤਮਾ ਦੀ ਸਿਰਜਣਾ ਈਸ਼ਵਰ ਨੇ ਕੀਤੀ ਹੈ। ਉਹ ਮਸ਼ੀਨ ਅਤੇ ਜਾਨਵਰਾਂ ਨੂੰ ਵਿਚਾਰਾਂ ਦੀ ਵਰਤੋਂ ਕਰਕੇ ਤਰਕਮਈ ਕਾਰਜ ਕਰ ਸਕਣ ਤੋਂ ਅਸਮਰੱਥ ਮੰਨਦਾ ਹੈ ਅਤੇ ਕੇਵਲ ਇਸਨੂੰ ਮਨੁੱਖੀ ਪ੍ਰਕਿਰਤੀ ਦੀ ਖ਼ਾਸੀਅਤ ਮੰਨਦਾ ਹੈ ਜੋ ਕਿ ਕਿਸੇ ਦੈਵੀ ਵਰਦਾਨ ਵਰਗੀ ਸ਼ੈਅ ਹੈ। ਡੇਕਾਰਟ ਨੇ ਜੀਵ ਜਗਤ ਦੀਆਂ ਸਾਰੀਆਂ ਜਟਿਲ ਜੈਵਿਕ ਪ੍ਰਕਿਰਿਆਵਾਂ, ਉਹਨਾਂ ਦੀਆਂ ਜੈਵਿਕ ਆਦਤਾਂ ਅਤੇ ਪ੍ਰਵਿਰਤੀਮੂਲਕ ਗਿਆਨ ਨੂੰ ਮੂਲੋਂ ਅਣਦੇਖਿਆ ਕਰਕੇ ਉਹਨਾਂ ਨੂੰ ਮਾਨਵੀ ਤਰਕ ਦੇ ਸਮਾਨਾਂਤਰ ਰੱਖਕੇ ਨਿਰਖਿਆ ਪਰਖਿਆ ਤੇ ਮਾਨਵੀ ਅਸਤਿਤਵ ਨੂੰ ਇਕ ਝਟਕੇ ਨਾਲ ਬ੍ਰਹਿਮੰਡ ਦਾ ਕੇਂਦਰ ਸਥਾਪਿਤ ਕਰ ਦਿੱਤਾ। ਜਾਨਵਰਾਂ ਦੇ ਪ੍ਰਵਿਰਤੀਮੂਲਕ

ਗਿਆਨ ਨੂੰ ਡੇਕਾਰਟ ਨੇ ਮਾਨਵ ਦੇ ਵਧੇਰੇ ਵਿਕਸਿਤ ਬੌਧਿਕ ਸਤਰ ਨਾਲ ਤੁਲਨਾਉਂਦਿਆਂ ਇਹ ਸਿੱਟੇ ਕੱਢੇ:

> ਮੈਂ, ਕੇਵਲ ਵਿਚਾਰਾਂ ਦੁਆਰਾ ਸੰਚਾਲਿਤ ਉਹ ਕਾਰਜ ਨਹੀਂ ਖੋਜ ਸਕਿਆ ਜਿਹੜੇ ਤਰਕ ਤੋਂ ਸੱਖਣੇ ਜਾਨਵਰਾਂ ਨੂੰ ਮਨੁੱਖ ਵਰਗਾ ਸਾਬਿਤ ਕਰਦੇ ਹੋਣ। ਮੇਰਾ ਮੰਨਣਾ ਹੈ ਕਿ ਈਸ਼ਵਰ ਨੇ ਇਕ ਵਿਵੇਕਸ਼ੀਲ ਆਤਮਾ ਦੀ ਸਿਰਜਣਾ ਕੀਤੀ ਅਤੇ ਇਸਨੂੰ ਸਰੀਰ (ਮਾਨਵ) ਵਿਚ ਵਿਸ਼ੇਸ਼ ਤਰੀਕੇ ਨਾਲ ਸਥਾਪਿਤ ਕਰ ਦਿੱਤਾ।[2]

ਉਸਨੇ 'ਮਾਨਵ' ਅਸਤਿਤਵ ਅੰਦਰ ਇਕ ਅਜਿਹੀ ਵਿਵੇਕਸ਼ੀਲ ਆਤਮਾ ਦੀ ਸੰਕਲਪਨਾ ਦਿੱਤੀ ਜਿਹੜੀ ਤਰਕਮਈ ਢੰਗ ਨਾਲ ਸੋਚ ਵਿਚਾਰ ਸਕਦੀ ਸੀ। ਇਸਨੂੰ ਹੀ ਉਸਨੇ "ਮਨੁੱਖੀ ਸੁਭਾਅ" "ਮਨੁੱਖੀ ਫ਼ਿਤਰਤ" (Human Nature) ਕਿਹਾ ਹੈ। ਇਸ ਪ੍ਰਕਾਰ ਉਸਨੇ ਮਨੁੱਖ ਨੂੰ ਭੌਤਿਕ ਅਤੇ ਜੈਵਿਕ ਜਗਤ ਦੀ ਸਭ ਤੋਂ ਉਤਕ੍ਰਿਸ਼ਟ ਰਚਨਾ ਮੰਨਿਆ, ਜਿਸਦੀ ਸੰਪੂਰਨਤਾ ਸਿੱਧੀ ਈਸ਼ਵਰੀ ਦਖ਼ਲਅੰਦਾਜ਼ੀ ਸੀ। ਇਸੇ ਆਧਾਰ 'ਤੇ ਉਸਨੇ ਪੱਛਮੀ ਦਰਸ਼ਨ ਦੇ ਪ੍ਰਸਿੱਧ ਕਥਨ "I think, therefore I am" ਦੀ ਸਥਾਪਨਾ ਕੀਤੀ। "ਮੈਂ ਪ੍ਰਤੱਖਣ ਕੀਤਾ ਹੈ ਤੇ ਸਪਸ਼ਟਤਾ ਨਾਲ ਇਹ ਅਨੁਭਵ ਕੀਤਾ ਕਿ ਚਿੰਤਨ ਕਰਨ ਲਈ ਹੋਂਦ ਦਾ ਹੋਣਾ ਜ਼ਰੂਰੀ ਹੈ।"[3] ਇਸ ਲਈ ਜੇਕਰ ਕੋਈ ਹੋਂਦ ਸੋਚ ਰਹੀ ਹੈ ਤਾਂ ਉਸਦਾ ਅਸਤਿਤਵ ਲਾਜ਼ਮੀ ਹੋਵੇਗਾ।

18ਵੀਂ ਅਤੇ 19ਵੀਂ ਸਦੀ ਤੀਕ 'ਮਾਨਵਵਾਦ' ਮਾਨਵੀ ਚਿੰਤਨ ਦੇ ਕੇਂਦਰ ਵਿਚ ਸਥਾਪਿਤ ਰਿਹਾ। ਮਾਨਵ ਕੇਂਦਰਿਤ ਗਿਆਨ ਪਰੰਪਰਾਵਾਂ ਦੀ ਰੌਸ਼ਨੀ ਵਿਚ ਮਾਨਵ ਦੇ ਸਾਂਸਕ੍ਰਿਤਕ ਵਿਕਾਸ ਅਤੇ ਇਤਿਹਾਸਕ ਗਤੀ ਨੂੰ ਮਾਨਵ ਦੇ ਤਰਕਮਈ ਵਿਚਾਰ ਅਤੇ ਇਹਨਾਂ ਵਿਚਾਰਾਂ ਦੁਆਰਾ ਨਿਰਦੇਸ਼ਤ ਕਾਰਜਾਂ ਦਾ ਸਿੱਟਾ ਪ੍ਰਵਾਨ ਕੀਤਾ ਗਿਆ। 'ਮਾਨਵਵਾਦੀ' ਦਰਸ਼ਨ ਵਿਚ ਮਨੁੱਖੀ ਚੇਤਨਾ, ਚੋਣ ਕਰਨ ਦੀ ਆਜ਼ਾਦੀ, ਜ਼ਿੰਮੇਦਾਰੀ ਦੀ ਭਾਵਨਾ ਅਤੇ ਨੈਤਿਕ ਕਦਰਾਂ-ਕੀਮਤਾਂ ਜਿਹੇ ਸੰਕਲਪਾਂ ਅਧੀਨ ਮਾਨਵੀ ਅਸਤਿਤਵ ਦੀ ਸਰਵ-ਸ਼੍ਰੇਸ਼ਠਤਾ, ਇਕਾਗਰਤਾ ਅਤੇ ਸਰਵ-ਵਿਆਪਕਤਾ ਨੂੰ ਨਜਿੱਠਣ ਦਾ ਯਤਨ ਕੀਤਾ ਗਿਆ। ਪ੍ਰੰਤੂ 19ਵੀਂ ਸਦੀ ਵਿਚ ਮਾਨਵਵਾਦ ਦੇ ਹੱਦੋਂ ਵੱਧ ਰਹੇ ਉਦਾਰਵਾਦੀ, ਆਦਰਸ਼ਵਾਦੀ ਤਰਕਾਂ ਦਾ 19ਵੀਂ ਸਦੀ ਵਿਚ ਵਿਰੋਧ ਹੋਣਾ ਸ਼ੁਰੂ ਹੋ ਗਿਆ। ਫਰੈਡਰਿਕ ਨੀਤਸ਼ੇ ਨੇ ਆਪਣੀ ਪੁਸਤਕ "Genealogy of Morals" ਵਿਚ ਮਾਨਵੀ ਅਧਿਕਾਰਾਂ ਅਤੇ ਮਾਨਵ ਦੀਆਂ ਬਾਕੀ ਜਾਨਵਰਾਂ ਦੇ ਮੁਕਾਬਲਤਨ ਇੱਛਾ (Wish) ਅਤੇ ਤਾਕਤ (Power) ਦੀ ਸੰਭਾਵਨਾਵਾਂ ਅਤੇ ਇਹਨਾਂ ਦੀ ਵਰਤੋਂ ਦੌਰਾਨ ਸਮਾਜਕ ਸੰਗਠਨ ਦੇ ਤਵਾਜ਼ਨ ਦਾ ਗਹਿਨ ਅਧਿਐਨ ਪ੍ਰਸਤੁਤ ਕੀਤਾ। 'ਮਾਨਵਵਾਦ' ਦੁਆਰਾ ਪ੍ਰਚਾਰੇ ਜਾਂਦੇ ਮਾਨਵੀ ਭਾਈਚਾਰੇ ਦੀ ਧਾਰਨਾ ਸਬੰਧੀ ਨੀਤਸ਼ੇ ਕਹਿੰਦਾ ਹੈ ਕਿ:

> ਭਾਈਚਾਰਾ (Community) ਮੁਢਲੇ ਰੂਪ ਵਿਚ ਇਕ ਅਜਿਹਾ ਸੰਗਠਨ ਹੈ ਜਿਹੜਾ ਕਮਜ਼ੋਰਾਂ ਨੂੰ ਤਾਕਤਵਰ ਦੇ ਸਾਹਮਣੇ ਇਕ ਬਰਾਬਰੀ ਪ੍ਰਦਾਨ ਕਰਨ ਦਾ ਯਤਨ ਹੈ। ਇਹ ਤਾਕਤਵਰ ਕਮਜ਼ੋਰਾਂ ਲਈ ਸਦਾ ਖ਼ਤਰਾ ਬਣੇ ਰਹਿੰਦੇ ਹਨ।[4]

ਇਸ ਪ੍ਰਕਾਰ ਨੀਤਸ਼ੇ ਨੇ 'ਮਾਨਵਵਾਦ' ਦੀਆਂ ਧਾਰਨਾਵਾਂ ਵਿਚ ਪ੍ਰਚਾਰੇ ਜਾਂਦੇ ਮਾਨਵੀ ਬਰਾਬਰੀ ਅਤੇ ਸਮਾਜ ਸੰਗਠਨ ਦੇ ਆਦਰਸ਼ਕ ਮਾਪਦੰਡਾਂ ਦੀ ਆਲੋਚਨਾ ਕੀਤੀ। ਉਸਨੇ ਮਾਨਵ ਦੀ ਕਲਪਨਾ ਇਕ ਅਜਿਹੇ ਬਿਮਾਰ ਜਾਨਵਰ ਦੇ ਰੂਪ ਵਿਚ ਕੀਤੀ ਬੇਹੱਦ ਜਿਹੜਾ ਬਹਾਦਰੀ ਨਾਲ ਭਾਗ ਨੂੰ ਚੁਣੌਤੀ ਦੇ ਰਿਹਾ ਹੋਵੇ। ਇਸ ਜਾਨਵਰ ਦੀ ਅਮੁੱਕ ਸੰਘਰਸ਼ ਕਰਨ ਦੀ ਸਮਰੱਥਾ ਜੀਵ ਜਗਤ, ਕੁਦਰਤ ਅਤੇ ਈਸ਼ਵਰ ਨੂੰ ਵੀ ਕਾਬੂ ਕਰਨ ਲਈ ਬੇਚੈਨ ਹੈ। ਇਹ ਅਜਿੱਤ ਅਤੇ ਭਵਿੱਖਮੁਖੀ ਜੀਵ ਆਪਣੀਆਂ ਤਾਕਤਾਂ ਦੁਆਰਾ ਹੀ ਕੁਚਲਿਆ ਜਾ ਰਿਹਾ ਹੈ। ਨੀਤਸ਼ੇ ਕਹਿੰਦਾ ਹੈ ਕਿ "ਇਹ ਕਿਵੇਂ ਸੰਭਵ ਹੈ ਕਿ ਇੰਨਾ ਸਾਹਸੀ ਜਾਨਵਰ ਵਿਲੁਪਤ ਹੋਣ ਦੇ ਕੰਢੇ ਨਾ ਹੋਵੇ।"[5] ਇਥੇ ਨੀਤਸ਼ੇ ਦਾ ਮਾਨਵ ਦੇ ਲੁਪਤ ਹੋਣ ਦੇ ਕੰਢੇ ਹੋਣ ਦਾ ਇਸ਼ਾਰਾ 'ਮਾਨਵਵਾਦ' ਦੀਆਂ ਮਾਨਤਾਵਾਂ ਦੀ ਖ਼ਾਲੀਪਨ ਨੂੰ ਉਭਾਰਨਾ ਸੀ। ਪ੍ਰੰਤੂ ਉਤਰ-ਮਾਨਵਵਾਦ ਦੇ ਸੰਦਰਭ ਵਿਚ ਉਸਦਾ ਇਹ ਕਥਨ ਸੱਚ ਹੁੰਦਾ ਜਾਪ ਰਿਹਾ ਹੈ। ਇਸਤੋਂ ਇਲਾਵਾ ਸਿਗਮੰਡ ਫਰਾਇਡ ਨੇ ਵੀ ਮਾਨਵਵਾਦੀਆਂ ਦੀ ਮਾਨਵ ਦੇ ਆਪਣੀ ਤਰਕ ਸ਼ਕਤੀ ਦੀ ਫ਼ਿਤਰਤ ਕਾਰਨ ਸਵੈ-ਚਾਲਿਤ (Autonomous) ਹੋਣ ਦੀ ਧਾਰਨਾ ਨੂੰ ਰੱਦ ਕੀਤਾ ਅਤੇ ਇਸਦਾ ਕਾਰਨ ਅਵਚੇਤਨ ਦੀ ਤਾਕਤ ਨੂੰ ਪ੍ਰਵਾਨ ਕੀਤਾ। ਇਸਤੋਂ ਇਲਾਵਾ ਲੂਈਸ ਅਲਥੂਸਰ, ਮਿਸ਼ੈਲ ਫੂਕੋ, ਜੈਕ ਲਾਕਾਂ, ਮਾਰਟਿਨ ਹਾਈਡੈਗਰ ਹੋਰਾਂ ਨੇ ਵੀ ਮਾਨਵਵਾਦ ਦੀਆਂ ਧਾਰਨਾਵਾਂ ਦੀ ਆਲੋਚਨਾ ਕੀਤੀ। ਇਹਨਾਂ ਦਾਰਸ਼ਨਿਕਾਂ ਨੂੰ ਮਾਨਵਵਾਦੀ ਵਿਰੋਧੀ ਦਰਸ਼ਨ ਉਸਾਰਨ ਵਾਲੇ ਚਿੰਤਕ ਕਿਹਾ ਗਿਆ। ਇਹਨਾਂ ਚਿੰਤਕਾਂ ਅਨੁਸਾਰ ਕਿਸੇ ਵਿਸ਼ੇਸ਼ ਨੈਤਿਕ ਮੁੱਲ ਦੀ ਪ੍ਰਾਪਤੀ ਲਈ ਤਰਕਮਈ ਚਿੰਤਨ ਦੁਆਰਾ ਨਿਰਦੇਸ਼ਤ ਸਵੈ-ਸ਼ਾਸ਼ਿਤ ਇਕਾਈ ਨਹੀਂ ਹੈ।

**ਉਤਰ-ਮਾਨਵਵਾਦ:**

ਉਤਰ-ਮਾਨਵਵਾਦ ਸਬੰਧੀ ਚਰਚਾ ਤੋਂ ਪਹਿਲਾਂ ਅਸੀਂ ਸੰਕਲਪ ਉਤਰ-ਮਾਨਵ ਦੀ ਸਥਿਤੀ ਸਬੰਧੀ ਸਪਸ਼ਟ ਹੋਵਾਂਗੇ। Online Oxford Dictionary ਅਨੁਸਾਰ:

> ਕਲਪਿਤ ਵਿਗਿਆਨਕ ਕਥਾਵਾਂ, ਭਵਿੱਖ ਵਿਗਿਆਨ, ਸਮਕਾਲੀ ਕਲਾ ਅਤੇ ਦਰਸ਼ਨ ਦੇ ਖੇਤਰ ਵਿਚ ਉਤਰ-ਮਾਨਵ ਹੋਂਦ ਦਾ ਸੰਕਲਪ ਉਦੈ ਹੋਇਆ ਹੈ, ਜਿਸਦਾ ਅਰਥ ਹੈ ਕਿਸੇ ਵਿਅਕਤੀ ਜਾਂ ਅਸਤਿਤਵ ਦੀ ਅਜਿਹੀ ਸਥਿਤੀ ਜੋ ਮਨੁੱਖੀ ਹੋਂਦ ਤੋਂ ਅਗਾਂਹ ਜਾਂਦੀ ਹੋਵੇ।[6]

ਇਹਨਾਂ ਬੁਨਿਆਦਾਂ ਨੂੰ ਆਧਾਰ ਬਣਾ ਕੇ ਜਿਸ ਦਰਸ਼ਨ ਦਾ ਉਦੈ ਹੋਇਆ ਉਸਨੂੰ ਉਤਰ-ਮਾਨਵਵਾਦ ਕਿਹਾ ਗਿਆ। ਸਾਲ 2002 ਵਿੱਚ Modern Language Association of America ਨੇ ਪਦ "The Posthuman" ਨੂੰ ਆਪਣੀ ਅੰਤਰਰਾਸ਼ਟਰੀ ਪੁਸਤਕ ਸੂਚੀ ਵਿਚ ਥਾਂ ਪ੍ਰਦਾਨ ਕੀਤੀ। ਸੰਕਲਪ ਉਤਰ-ਮਾਨਵਵਾਦ, ਸਾਹਿਤ ਵਿਗਿਆਨ, ਸਭਿਆਚਾਰਕ ਅਧਿਐਨ, ਦਰਸ਼ਨ, ਫ਼ਿਲਮ ਸਟੱਡੀਜ਼, ਸਮਾਜ ਵਿਗਿਆਨ, ਮਾਨਵ ਵਿਗਿਆਨ, ਲਿੰਗ ਵਿਗਿਆਨ, ਮਨੋਵਿਗਿਆਨ, ਵਿਗਿਆਨ ਗੱਲ ਕੀ ਮਨੁੱਖੀ ਚਿੰਤਨ ਦੇ ਹਰ ਖੇਤਰ ਵਿਚ ਆਪਣੀ ਹੋਂਦ ਦਰਜ ਕਰਵਾਉਂਣ ਲੱਗ ਗਿਆ ਹੈ। ਉਤਰ-ਮਾਨਵਵਾਦ ਮਾਨਵ ਦੀ ਕੇਂਦਰਤਾ ਦੀ ਵਿਸਥਾਪਨਾ ਦਾ ਦਰਸ਼ਨ ਹੈ। ਉਤਰ-ਮਾਨਵਵਾਦ ਇਸ ਸਿਧਾਂਤ ਨੂੰ ਚੁਣੌਤੀ ਦਿੰਦਾ ਹੈ ਕਿ ਮਾਨਵ ਹੀ ਸਥਾਈ ਨੈਤਿਕਤਾ ਦਾ ਪੈਮਾਨਾ ਹੈ ਅਤੇ ਰਹੇਗਾ ਵੀ। ਇਸ ਦਰਸ਼ਨ ਨੇ ਇਸ ਧਾਰਨਾ ਨੂੰ ਉਭਾਰਿਆ ਹੈ ਕਿ ਮਸਨੂਈ ਬੌਧਿਕਤਾ (AI) ਨੇ ਮਾਨਵ ਦੀ ਸਰਬ ਉੱਚਤਾ ਨੂੰ ਵਿਸਥਾਪਿਤ ਕਰ ਦਿੱਤਾ ਹੈ। ਇਸ ਦਰਸ਼ਨ ਦੀਆਂ ਮਾਨਤਾਵਾਂ ਅਨੁਸਾਰ 'ਮਾਨਵ' ਸਮਾਜ ਅਤੇ ਸੰਸਾਰ ਵਿਚ ਸਰਵ ਉੱਚ ਸਥਾਨ ਨਹੀਂ ਰੱਖਦਾ। ਉਤਰ-ਮਾਨਵਵਾਦ ਨੇ ਮਾਨਵੀ ਅਤੇ ਅਮਾਨਵੀ ਹੋਂਦਾ ਦੇ ਫ਼ਰਕ ਨੂੰ ਧੁੰਦਲਾ ਕਰ ਦਿੱਤਾ ਹੈ।

ਇਹ ਦਰਸ਼ਨ ਅਜਿਹੇ ਜਟਿਲ ਸਵਾਲਾਂ ਦਾ ਮੁਜੱਸਮਾ ਹੈ ਜਿਨ੍ਹਾਂ ਨੇ ਮਾਨਵਵਾਦ ਦੀਆਂ ਧਾਰਨਾਵਾਂ ਨੂੰ ਗੰਭੀਰ ਚੁਣੌਤੀ ਦਿੱਤੀ ਹੈ। ਉਤਰ-ਮਾਨਵਵਾਦ ਦੇ ਸੰਕਲਪ ਸਬੰਧੀ ਭਖਵੀਂ ਅਰਹਦ Donna J. Haraway dy Manifesto of Cyborg (1985) ਦੀ ਪ੍ਰਕਾਸ਼ਨਾ ਨਾਲ ਆਰੰਭ ਹੋਈ। ਉਸਨੇ ਇਸ ਦਸਤਾਵੇਜ਼ ਵਿਚ ਕਿਧਰੇ ਵੀ 'ਉਤਰ-ਮਾਨਵਵਾਦ' ਸੰਕਲਪ ਦੀ ਵਰਤੋਂ ਨਹੀਂ ਕੀਤੀ। ਹਾਰਾਵੇ ਦੀ ਧਾਰਨਾ ਹੈ ਕਿ 'ਮਾਨਵਵਾਦ' ਪ੍ਰਮੁੱਖ ਰੂਪ ਵਿਚ ਤਿੰਨ ਨਿਖੇੜਿਆਂ ਨੂੰ ਆਧਾਰ ਬਣਾ ਕੇ ਆਪਣਾ ਦਰਸ਼ਨ ਉਸਾਰਦਾ ਹੈ। ਇਹ ਤਿੰਨ ਆਧਾਰ ਕ੍ਰਮਵਾਰ ਮਾਨਵ ਅਤੇ ਜਾਨਵਰ (Human and Animal), ਜੀਵ ਅਤੇ ਮਸ਼ੀਨ (Organism and Machine), ਭੌਤਿਕ ਅਤੇ ਅਭੌਤਿਕ (Physical and Non-Physical) ਹਨ। ਹਾਰਾਵੇ ਨੇ ਇਹਨਾਂ ਤਿੰਨ ਆਧਾਰਾਂ ਦੀਆਂ ਹੱਦਾਂ ਦੇ ਖੁਰਨ ਦੀ ਤਸਦੀਕ ਕੀਤੀ। ਉਸਦਾ ਇਹ ਦਸਤਾਵੇਜ਼ 20ਵੀਂ ਸਦੀ ਦੇ ਅੰਤਲੇ ਦਹਾਕਿਆਂ ਹੋਈ ਵਿਗਿਆਨਕ ਪ੍ਰਗਤੀ, ਜਾਨਵਰਾਂ ਦੇ ਅਧਿਕਾਰਾਂ ਸਬੰਧੀ ਹੋਈਆਂ ਦਾਰਸ਼ਨਿਕ ਬਹਿਸਾਂ, ਨਾਰੀਵਾਦ ਅਤੇ ਵਿਕਸਿਤ ਪੂੰਜੀਵਾਦੀ ਸਮਾਜ ਦੀਆਂ ਵਿਗਿਆਨਕ ਕਥਾਵਾਂ ਅਤੇ ਫ਼ਿਲਮਾਂ, ਮਸਨੂਈ ਬੌਧਿਕਤਾ ਜਿਹੀਆਂ ਤਕਨੀਕਾਂ ਦੁਆਰਾ ਇਕ ਨਵੀਂ ਬਦਲੀ ਹੋਈ ਦੁਨੀਆ ਦੀ ਪੁਣ-ਛਾਣ ਹੈ। 'ਮਾਨਵ' ਦੀ ਪਰੰਪਰਕ ਧਾਰਨਾ ਨੂੰ ਵਿਸਥਾਪਿਤ ਕਰਦੀਆਂ ਇਹਨਾਂ ਦਾਰਸ਼ਨਿਕ ਚੁਣੌਤੀਆਂ ਨੇ 'ਮਾਨਵ' ਦੀ ਸੱਤਾ ਨੂੰ ਵਿਸਥਾਪਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਸਾਰੇ ਵਰਤਾਰੇ ਸਬੰਧੀ ਉਸਦੀ ਧਾਰਨਾ ਹੈ ਕਿ:

> ਵੀਹਵੀਂ ਸਦੀ ਦਾ ਅੰਤ, ਸਾਡਾ ਇਹ ਸਮਾਂ, ਇਕ ਮਿੱਥਕ ਸਮਾਂ ਹੈ। ਅਸੀਂ ਸਾਰੇ ਮਿੱਥਕ ਜੀਵ ਕਾਈਮਾਰਾ ਵਾਂਗ ਮਸ਼ੀਨ ਅਤੇ ਜੀਵ ਦਾ ਹਾਈਬ੍ਰਿਡ ਹਾਂ ਅਤੇ ਸਾਡੀ ਹੋਂਦ ਨੂੰ ਘੜਿਆ ਅਤੇ ਸਿਧਾਂਤਬੱਧ ਕੀਤਾ ਗਿਆ ਹੈ। ਸੰਖੇਪ ਵਿਚ ਕਹੀਏ ਤਾਂ ਅਸੀਂ ਸਾਰੇ ਸਾਈਬੋਰਗ ਹਾਂ ਅਤੇ। ਸਾਈਬੋਰਗ ਸਾਡੇ ਅਸਤਿਤਵ ਦਾ ਸਾਰ ਹੈ। ਇਹੋ ਤੱਥ ਸਾਨੂੰ ਸਾਡੀ ਸੰਭਾਵੀ ਰਾਜਨੀਤੀ ਪ੍ਰਦਾਨ ਕਰੇਗਾ।[7]

ਹਾਰਾਵੇ ਨੇ ਮਾਨਵ ਦੀ ਇਸ ਬਦਲੀ ਸਥਿਤੀ ਨੂੰ ਕਾਈਮਾਰਾ (Chimera) ਦੇ ਮਿੱਥਕ ਨਾਲ ਪਰਿਭਾਸ਼ਿਤ ਕਰਨ ਦਾ ਯਤਨ ਕੀਤਾ ਹੈ। ਕਾਈਮਾਰਾ ਯੂਨਾਨੀ ਮਿੱਥਕ ਪਾਤਰ ਹੈ। ਇਹ ਔਰਤ ਰੂਪੀ ਦਾਨਵ ਆਪਣੇ ਮੂੰਹ ਵਿਚੋਂ ਅੱਗ ਉਗਲਦਾ ਹੈ ਅਤੇ ਇਸਦਾ ਸਿਰ ਸ਼ੇਰ ਦਾ ਹੈ, ਜਿਸਮ ਬੱਕਰੀ ਦਾ ਅਤੇ ਇਸਦੀ ਪੂਛ ਸੱਪ ਦੀ ਹੈ। 'ਕਾਈਮਾਰਾ' ਦੀ ਰੂੜ੍ਹੀ ਦੀ ਵਰਤੋਂ ਅਕਸਰ ਅਸੰਭਵ ਅਤੇ ਭਰਮ ਦੀ ਅਵਸਥਾ ਨੂੰ ਰੂਪਮਾਨ ਕਰਨ ਲਈ ਵੀ ਕੀਤੀ ਜਾਂਦੀ ਹੈ। ਹਾਰਾਵੇ ਨੇ ਸਾਨੂੰ ਆਧੁਨਿਕ ਕਾਈਮਾਰਾ ਦੀ ਸੰਕਲਪਨਾ ਦੇ ਤਹਿਤ 'ਸਾਈਬੋਰਗ' ਹੋਂਦ ਕਿਹਾ ਹੈ। ਸਾਈਬੋਰਗ ਤੋਂ ਭਾਵ ਇਕ ਅਜਿਹੀ ਹੋਂਦ ਤੋਂ ਹੈ ਜਿਸਦੀਆਂ ਸਧਾਰਨ ਮਾਨਵੀ ਸਮਰੱਥਾਵਾਂ

ਮਕੈਨੀਕਲ ਅਤੇ ਡਿਜੀਟਲ ਤੱਤਾਂ ਦੀ ਬਦੌਲਤ ਬਹੁਤ ਜ਼ਿਆਦਾ ਵਿਕਸਿਤ ਕਰ ਦਿੱਤੀਆਂ ਜਾਣ। ਇਸ ਤਰ੍ਹਾਂ ਦੀਆਂ ਹੋਂਦਾ ਅਸੀਮ ਜਾਣਕਾਰੀਆਂ ਅਤੇ ਵਧੀ ਹੋਈ ਸਮਰੱਥਾ ਨਾਲ ਨਵੀਨ ਅਤੇ ਅਥਾਹ ਸੰਭਾਵਨਾਵਾਂ ਦੀਆਂ ਸਵਾਮੀ ਬਣ ਜਾਂਦੀਆਂ ਹਨ। ਸਾਈਬੋਰਗ ਤੋਂ ਭਾਵ ਇਕ ਅਜਿਹੀ ਹੋਂਦ ਤੋਂ ਹੈ ਜੋ ਜੈਵਿਕ ਅਤੇ ਮਸਨੂਈ ਸਿਸਟਮਾਂ ਦੇ ਸੁਮੇਲ ਤੋਂ ਨਿਰਮਿਤ ਹੋਵੇ ਅਤੇ ਜੈਵਿਕ ਸਿਸਟਮ ਦੀ ਹੂ ਬਹੂ ਨਕਲ ਕਰਨ ਦੇ ਸਮਰੱਥ ਹੋਵੇ। ਇਸਦਾ ਸੰਚਾਲਨ ਮਸਨੂਈ ਬੁੱਧੀ ਦੁਆਰਾ ਕੀਤਾ ਜਾਂਦਾ ਹੋਵੇ। ਹਾਰਾਵੇ ਨੇ ਸਾਈਬੋਰਗ ਦੀ ਪਰਿਭਾਸ਼ਾ ਪਰੰਪਰਾਗਤ ਸਾਈਬੋਰਗ ਦੀ ਧਾਰਨਾ ਨਾਲੋਂ ਦਰਸ਼ਨ ਦੀਆਂ ਰੂੜ੍ਹੀਆਂ ਦੇ ਸੰਦਰਭ ਵਿਚ ਦਿੱਤੀ।

ਉਸਨੇ ਫਰਾਇਡ ਦੇ ਮਨੋਵਿਗਿਆਨ ਅਤੇ ਮਾਰਕਸ ਦੀਆਂ ਧਾਰਨਾਵਾਂ ਦੇ ਨਾਲ-ਨਾਲ ਪੱਛਮੀ ਸਭਿਅਤਾ ਦੀ ਮਿੱਥਕ ਉਥਾਨ ਦੀ ਸੰਕਲਪਨਾ ਦੀ ਲੋੜ ਨਾਲ ਵੀ ਸੰਵਾਦ ਰਚਾਇਆ। ਉਸਦੀ ਸਾਈਬੋਰਗ ਦੀ ਕਲਪਨਾ ਵਿਚ ਮਾਨਵੀ ਦਰਸ਼ਨ ਦੇ ਨਵੇਂ ਯੁਗ ਦੀ ਕਲਪਨਾ ਹੈ, ਜਿੱਥੇ ਪਰੰਪਰਾ ਕਿਧਰੇ ਪਿੱਛੇ ਰਹਿ ਗਈ ਹੈ। ਸ਼ਾਇਦ 'ਮਾਨਵ' ਦੀ ਇਸੇ ਪਰੰਪਰਕ ਹੋਂਦ ਦੀ ਹਿੱਸਾ ਬਣ ਕੇ ਵਿਸਥਾਪਿਤ ਹੋ ਗਿਆ ਹੈ। 'ਸਾਈਬੋਰਗ' ਜੀਵ ਸਬੰਧੀ ਧਾਰਨਾ ਹੈ ਕਿ:

> ਸਾਈਬੋਰਗ ਇਕ ਉਤਰ-ਲਿੰਗੀ ਸੰਸਾਰ ਦਾ ਜੀਵ ਹੈ। ਇਸਦਾ ਕਾਮੁਕਤਾ (Bisexuality), ਪੂਰਵ ਉਡੀਪਸ ਜੀਵਨ ਅਤੇ ਮੁਕਤ ਕਿਰਤ ਨਾਲ ਕੋਈ ਸਬੰਧ ਨਹੀਂ ਅਤੇ ਨਾ ਹੀ ਇਸਨੂੰ ਆਪਣੀ ਜੈਵਿਕ ਸਮੁੱਚਤਾ ਦੇ ਕਿਸੇ ਉਚੇਰੀ ਇਕਾਈ ਵਿਚ ਵਟ ਜਾਣ ਦਾ ਲਾਲਚ ਹੈ। ਪੱਛਮੀ ਚਿੰਤਨ ਦੇ ਮੁਹਾਵਰੇ ਮੁਤਾਬਕ ਸਾਈਬੋਰਗ ਦੀ ਉਤਪਤੀ ਦੀ ਕੋਈ ਕਹਾਣੀ ਉਪਲਬਧ ਨਹੀਂ ਹੈ।[8]

ਮਨੁੱਖ ਦੀ ਸਾਈਬੋਰਗ ਹੋਂਦ ਨੂੰ ਕਾਈਮਾਰਾ ਦੇ ਮਿੱਥਕ ਨਾਲ ਸਪਸ਼ਟ ਕਰਦੀ ਹੋਈ ਹਾਰਾਵੇ ਸਾਡੇ ਸੰਭਾਵਿਤ ਭਵਿੱਖ ਲਈ ਜ਼ਿੰਮੇਵਾਰ ਕਿਸੇ ਮਿੱਥ ਦੇ ਜੰਮਣ ਦੀ ਸੰਭਾਵਨਾ ਨੂੰ ਅਸਵੀਕਾਰ ਕਰ ਦਿੰਦੀ ਹੈ। ਸਾਈਬੋਰਗ ਹੋਂਦ ਵਿਚ ਢਲਿਆ ਮਨੁੱਖ ਆਪਣੀ ਪਰੰਪਰਕ ਚੇਤਨਾ ਦੇ ਸ਼ਿਲਾਲੇਖਾਂ ਤੋਂ ਕਿੰਨਾ ਕੁ ਮੁਕਤ ਹੋ ਪਾਵੇਗਾ, ਇਹ ਵਕਤ ਹੀ ਤੈਅ ਕਰੇਗਾ। ਮਨੁੱਖ, ਮਸ਼ੀਨ ਅਤੇ ਜਾਨਵਰਾਂ ਦੀ ਇਹ ਸਾਕੇਦਾਰੀ ਕਿਸ ਮਿੱਥ ਨੂੰ ਜਨਮ ਦੇਵੇਗੀ। ਮਾਨਵੀ ਮਨ ਵਿਚ ਬਿਰਾਜਮਾਨ ਆਦਿਮ ਰੂੜ੍ਹੀਆਂ, ਸਮੂਹਿਕ ਅਵਚੇਤਨ ਦੀਆਂ ਕਦਰਾਂ ਵਿਚ ਬੈਠਾ ਮਾਨਵ ਦੇ ਜੀਵ ਵਿਕਾਸ ਦਾ ਜਟਿਲ ਤੱਥ ਕਿਸ ਰੂਪ ਵਿਚ ਆਪਣਾ ਪ੍ਰਗਟਾਵਾ ਕਰੇਗਾ? ਕਈ ਵਾਰ ਹਾਰਾਵੇ ਦਾ ਚਿੰਤਨ ਹੀ ਇਸਦਾ ਉਤਰ ਦਿੰਦਾ ਪ੍ਰਤੀਤ ਹੁੰਦਾ ਹੈ। ਉਸਦੀ ਉਪਰੋਕਤ ਧਾਰਨਾ ਆਦਿਮ ਮਾਨਸਿਕਤਾ ਵਿਚੋਂ ਸਿੰਮੀ ਪ੍ਰਤੀਤ ਹੁੰਦੀ ਹੈ:

> ਸਾਈਬੋਰਗ ਸੰਸਾਰ ਵਿਚ ਜਿਊਣਯੋਗ ਸਮਾਜਕ ਅਤੇ ਸਰੀਰਕ ਸੱਚਾਈ ਹੋਵੇਗੀ, ਜਿਥੇ ਲੋਕ ਜਾਨਵਰਾਂ ਅਤੇ ਮਸ਼ੀਨਾਂ ਨਾਲ ਆਪਣੇ ਸਾਕੇਦਾਰੀ ਤੋਂ ਭੈਅ ਭੀਤ ਨਹੀਂ ਹੋਣਗੇ।[9]

ਉਪਰੋਕਤ ਵਿਚਾਰ ਸ਼ੁੱਧ ਆਦਿਮ ਚਿੰਤਨ ਵਿਚ ਆਪਣੀਆਂ ਜੜਾਂ ਜਮਾਈ ਬੈਠਾ ਹੈ। ਸਰਵਚੇਤਨਵਾਦ (Animism) ਦੀ ਧਾਰਨਾ ਅਨੁਸਾਰ ਹਰ ਜੜ੍ਹ ਅਤੇ ਚੇਤਨ ਵਸਤੂ ਪ੍ਰਾਣਧਾਰੀ ਹੁੰਦੀ ਹੈ ਅਤੇ ਹਰ ਸ਼ੈਅ ਆਪਸ ਵਿਚ ਡੂੰਘੀ ਤਰ੍ਹਾਂ ਇਸ ਰਹੱਸਮਈ ਰਿਸ਼ਤੇ ਵਿਚ ਬੱਝੀ ਹੋਈ ਇਕ ਦੂਸਰੀ ਨੂੰ ਪ੍ਰਭਾਵਿਤ ਕਰ ਰਹੀ ਹੈ। ਆਦਿਮ ਮਾਨਵ ਨੂੰ ਜਾਨਵਰਾਂ ਨਾਲ ਸਾਕੇਦਾਰੀ ਦੇ ਵਿਚਾਰ ਤੋਂ ਕੋਈ ਦਿੱਕਤ ਨਹੀਂ ਸੀ। ਭਵਿੱਖ ਵੀ ਸ਼ਾਇਦ ਇਸ ਤਰ੍ਹਾਂ ਦੀ ਮਾਨਸਿਕਤਾ ਦੀ ਮੰਗ ਕਰੇਗਾ। ਮੁਢਲੇ ਅਹਿਮ ਸੰਦਾਂ, ਸ਼ਿਕਾਰ ਦੇ ਹਥਿਆਰਾਂ ਨੂੰ ਇਕ ਮਸ਼ੀਨ ਦਾ ਰੂਪ ਮੰਨ ਲਈਏ ਤਾਂ ਉਹ ਇਹਨਾਂ ਆਪਣੇ ਵਜੂਦ ਦਾ ਹਿੱਸਾ ਹੀ ਅਨੁਭਵ ਕਰਦਾ ਸੀ। ਇਹ ਉਸਦਾ ਸਹਿਜ ਸਰਲ ਸੱਚ ਸੀ। ਕੀ ਉਤਰ-ਮਾਨਵਵਾਦ ਸਾਡੇ ਮਿੱਥਕ ਚਿੰਤਨ ਨੂੰ ਜਿਊਣਯੋਗ ਹਕੀਕਤ ਵਿਚ ਬਦਲ ਦੇਵੇਗਾ? ਆਦਿਮ ਮਾਨਵ ਦੇ ਹਥਿਆਰ ਅਤੇ ਸੰਦ ਕਿਰਿਆਸ਼ੀਲ ਸਜੀਵਤਾ ਦੇ ਧਾਰਨੀ ਨਹੀਂ ਸਨ। ਉਹ ਇਹਨਾਂ ਦੇ ਸਜੀਵ ਹੋਣ ਦਾ ਵਿਸ਼ਵਾਸ ਕਰਦਾ ਸੀ। ਇਹ ਵਿਸ਼ਵਾਸ ਉਸਦੇ ਚਿੰਤਨ ਦੀ ਵਿਧੀ ਦਾ ਹੀ ਅੰਗ ਸਨ ਅਤੇ ਉਸਦੇ ਵਿਆਪਕ ਜੀਵਨ ਤੇ ਉਸਦੇ ਵਸਤੂ ਸੰਸਾਰ ਉੱਪਰ ਫੈਲੇ ਹੋਏ ਸਨ। ਪ੍ਰੰਤੂ ਸਾਡੀਆਂ ਆਧੁਨਿਕ ਮਸ਼ੀਨਾਂ ਕਿਰਿਆਸ਼ੀਲ ਸਜੀਵਤਾ ਅਤੇ ਸੰਪਰਕ ਅਤੇ ਖੁਲ੍ਹਾ ਸੰਚਾਰ ਕਰਨ ਦੀ ਸਮਰੱਥਾ ਨਾਲ ਲੈਸ ਮਸਨੂਈ ਬੌਧਿਕਤਾ ਦੀਆਂ ਧਾਰਨੀ ਹਨ।

> ਸਾਡੀਆਂ ਮਸ਼ੀਨਾਂ ਪਰੇਸ਼ਾਨੀ ਦੀ ਹੱਦ ਤਕ ਸਜੀਵ ਹਨ ਅਤੇ ਅਸੀਂ ਡਰਾਉਣੀ ਤਰ੍ਹਾਂ ਅਕਿਰਿਆਸ਼ੀਲ ਹਾਂ।[10]

ਇਹ ਮਾਨਵ ਦੇ ਭਵਿੱਖ ਸਬੰਧੀ ਕੀਤੀ ਅਚੂਕ ਭਵਿੱਖਬਾਣੀ ਹੈ। ਇਹੋ ਸਾਡੀ ਸਾਈਬੋਰਗ ਹੋਂਦ ਦੀ ਲੋੜ ਦੀ ਨਿਸ਼ਾਨਦੇਹੀ ਵੀ ਕਰਦੀ ਹੈ। ਬਦਲੀ ਹੋਈ ਮਸ਼ੀਨੀ ਦੁਨੀਆਂ ਦੇ ਮੁਕਾਬਲੇ ਵਿਚ ਕਿਰਿਆਸ਼ੀਲ ਹੋਣ ਲਈ

ਇਹੋ ਸਾਡੀ ਹੋਣੀ ਹੋਵੇਗੀ। ਮਨੁੱਖ ਦੇ ਪ੍ਰਕਿਰਤੀ ਨਾਲ ਸੰਘਰਸ਼ ਨਾਲੋਂ ਮਨੁੱਖ ਮਸ਼ੀਨ ਨਾਲ ਸੰਘਰਸ਼ ਕਰਦਾ ਜਾਪ ਰਿਹਾ ਹੈ। ਸਾਡੀ ਹੋਂਦ ਦਾ ਸਾਈਬੋਰਗ ਹੋਂਦ ਵਿਚ ਢਲਣਾ ਹੀ ਸਾਡਾ ਇਸ ਵਿਰਾਟ ਚੁਣੌਤੀ ਨੂੰ ਸਵੀਕਾਰਨ ਵੱਲ ਪੁੱਟਿਆ ਪਹਿਲਾ ਕਦਮ ਹੈ। ਹਾਰਾਵੇ ਅਨੁਸਾਰ ਭਵਿੱਖ ਵਿਚ ਪਰੰਪਰਕ ਜੈਵਿਕ ਚੁਣੌਤੀਆਂ ਨੂੰ ਭਵਿੱਖੀ ਉੱਤਰ ਪ੍ਰਾਪਤ ਹੋਣਗੇ। ਆਪਣੀ ਲਿਖਤ ਵਿਚ ਹਾਰਾਵੇ ਨੇ 'ਮਾਨਵਵਾਦੀ' ਦਰਸ਼ਨ ਦੇ ਸੰਕਲਪਾਂ ਦੀ ਉਤਰ-ਮਾਨਵਵਾਦੀ ਸਾਈਬੋਰਗ ਸੰਸਾਰ ਦੇ ਸੰਕਲਪਾਂ ਵਿਚ ਪਰਿਵਰਤਨ ਨੂੰ ਇਕ ਚਾਰਟ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ, ਜਿਹੜਾ ਕਿ ਮਾਨਵ ਦੇ ਪਰੰਪਰਕ ਦਰਸ਼ਨ, ਸਭਿਆਚਾਰ, ਅਧਿਆਤਮਕ ਬਣਤਰਾਂ ਨੂੰ ਢਹਿ ਢੇਰੀ ਕਰ ਦੇਵੇਗਾ। ਇਹ ਇਕ ਅਜਿਹਾ ਬਦਲਿਆ ਹੋਇਆ ਸੰਸਾਰ ਹੋਵੇਗਾ ਜਿਸਦਾ ਮਾਨਵ ਕੋਲ ਨਾ ਹੀ ਕੋਈ ਮਿੱਥਕ ਉਥਾਨ ਹੈ ਅਤੇ ਨਾ ਹੀ ਇਸਦੀ ਕੋਈ ਪਰੰਪਰਾ ਹੈ। ਸ਼ਾਇਦ ਇਹ ਕਿਸੇ ਨਵੀਂ ਪਰੰਪਰਾ ਦੀ ਸ਼ੁਰੂਆਤ ਹੋਵੇ। ਪ੍ਰੰਤੂ ਇਹ ਪਰਿਵਰਤਨ ਹਾਰਾਵੇ ਮੁਤਾਬਕ ਡਰਾਉਣੇ ਹੋਣਗੇ। ਇਹਨਾਂ ਨੂੰ ਉਸ ਦੁਆਰੇ ਸੁਝਾਏ ਚਾਰਟ ਰਾਹੀਂ ਸਮਝਿਆ ਜਾ ਸਕਦਾ ਹੈ।

| | |
|---|---|
| Representation | Simulation |
| Bourgeois Novel, Realism | Science Fiction, Postmodernism |
| Organism | Biotech Component |
| Depth, Integrity | Surface, Boundary |
| … | … |
| Freud | Lacan |
| Sex | Genetic Engineering |
| Labour | Robotics |
| Mind | Artificial Intelligence |
| Second World War | Star Wars |

ਆਪਣੇ ਇਸ ਮੈਨੀਫੈਸਟੋ ਦੀ ਸ਼ੁਰੂਆਤ ਵਿਚ ਹਾਰਾਵੇ ਇਕ ਵਿਅੰਗਾਤਮਕ ਰਾਜਨੀਤਕ ਮਿੱਥ ਦੀ ਉਸਾਰੀ ਦੀ ਗੱਲ ਕਰਦੀ ਹੈ, ਜਿਹੜੀ ਕਿ ਨਾਰੀਵਾਦ, ਸੋਸ਼ਲਿਜ਼ਮ ਅਤੇ ਪਦਾਰਥਵਾਦ ਦੀ ਸਾਂਝ ਰੱਖਦੀ ਹੋਵੇਗੀ। ਇਸ ਮੈਨੀਫੈਸਟੋ ਦੇ ਅੰਤ ਵਿਚ ਉਹ ਕਹਿੰਦੀ ਹੈ ਕਿ ਉਹ ਦੇਵੀ (Goddess) ਹੋਣ ਨਾਲੋਂ ਸਾਈਬੋਰਗ ਹੋਣ ਨੂੰ ਤਰਜੀਹ ਦੇਵੇਗੀ। ਇਹ ਉਸਦਾ ਵਿਸ਼ੇਸ਼ ਨਾਰੀਵਾਦੀ ਪ੍ਰਵਚਨ ਹੈ, ਜਿਹੜਾ ਇਸ ਲਿਖਤ ਦੀ ਧੁਰ ਆਤਮਾ ਵਿਚ ਲਗਾਤਾਰ ਖੌਲ਼ਦਾ ਰਹਿੰਦਾ ਹੈ। ਉਸਦੇ ਚਿੰਤਨ ਅਨੁਸਾਰ ਮੌਜੂਦਾ ਸਿਸਟਮ ਚਾਹੇ ਉਹ ਰਾਜਨੀਤਕ, ਸਮਾਜਕ ਜਾਂ ਸਭਿਆਚਾਰਕ ਹੋਵੇ, ਉਸਦੀ ਸਥਾਪਤੀ ਦਾ ਕਾਰਨ ਵਿਗਿਆਨਕ ਸੋਚਾਂ ਦੀ ਖੋਜ ਨਹੀਂ ਸਗੋਂ ਵਿਗਿਆਨ ਦੁਆਰਾ ਘੜੀਆਂ ਕਹਾਣੀਆਂ ਜਾਂ ਰਾਜਨੀਤਕ ਸਿਸਟਮ ਦੁਆਰਾ ਘੜੀਆਂ ਕਹਾਣੀਆਂ ਹਨ। ਇਹ ਕਹਾਣੀਆਂ ਕਿਸੇ ਸਿਸਟਮ ਦੀਆਂ ਦਮਿਤ ਧਿਰਾਂ ਦੀ ਹੋਂਦ ਨੂੰ ਸਦੀਵੀ ਤੌਰ 'ਤੇ ਪੀੜਤ ਕਰਨ ਦੇ ਹੱਕ ਵਿਚ ਭੁਗਤ ਜਾਂਦੀਆਂ ਹਨ।

ਆਪਣੇ ਇਸ ਮੈਨੀਫੈਸਟੋ ਵਿਚ ਹਾਰਾਵੇ ਨੇ ਮਾਨਵ ਕੇਂਦਰਿਤ ਬਣਤਰਾਂ ਦੀ ਵਿਸਥਾਪਨਾ ਲਈ ਤਿਆਰ ਹੋ ਰਹੇ ਭਵਿੱਖ ਦੀ ਸੋਸ਼ਲਿਸਟ ਨਾਰੀਵਾਦ ਦੀ ਦ੍ਰਿਸ਼ਟੀ ਤੋਂ ਵਿਵੇਚਨਾ ਪੇਸ਼ ਕੀਤੀ ਹੈ। ਉਸਦੀ ਸੰਵੇਦਨਾ ਸਭ ਪ੍ਰਕਾਰ ਦੇ ਦਮਨ ਅਤੇ ਸਭ ਧਿਰਾਂ ਦੇ ਦਮਨ ਤੋਂ ਮੁਕਤੀ ਦਿਵਾਉਂਣ ਵਾਲੀ ਸਾਈਬੋਰਗ ਹੋਂਦ ਨਾਲ ਜੁੜੀ ਹੋਈ ਹੈ।ਉਹ ਇਸ ਮੁਕਤੀ ਨੂੰ 'ਡਰਾਉਣ ਵਾਲੇ ਤੱਥ' ਤਕ ਕਹਿੰਦੀ ਹੈ। ਉਹ ਉਹਨਾਂ ਵਿਦਵਾਨਾਂ ਦੀ ਕਤਾਰ ਵਿਚ ਸ਼ਾਮਿਲ ਹੈ, ਜਿਹੜੇ ਮਾਨਵ, ਮਸ਼ੀਨ ਅਤੇ ਜਾਨਵਰ ਦੀ ਸਾਕੇਦਾਰੀ ਨੂੰ ਮਾਨਵਤਾ ਦਾ ਭਵਿੱਖ ਮੰਨਦੇ ਹੋਏ, ਉਤਰ-ਮਾਨਵਵਾਦੀ ਸੰਸਾਰ ਨੂੰ ਉਤਸੁਕਤਾ ਅਤੇ ਨਵੀਂ ਮਾਨਵੀ ਸੰਭਾਵਨਾਵਾਂ ਵਜੋਂ ਦੇਖਦੇ ਹਨ। ਇਹ ਐਸੀ ਦੁਨੀਆ ਹੋਵੇਗੀ ਜਿਥੇ ਮਾਨਵਤਾ ਦੇ ਸਾਂਸਕ੍ਰਿਤਕ ਵਿਕਾਸ ਨਵੇਂ ਆਯਾਮ ਲੱਭੇ ਜਾਣਗੇ। ਹਾਰਾਵੇ ਅਨੁਸਾਰ ਸਾਈਬੋਰਗ ਜੈਵਿਕ ਪਰਿਵਾਰ ਦੇ ਮਾਡਲ ਵਾਂਗ ਭਾਈਚਾਰੇ ਦਾ ਸੁਪਨਾ ਨਹੀਂ ਵੇਖਦਾ। ਸਾਈਬੋਰਗ ਜੰਨਤ ਦੇ ਬਾਗ਼ ਦੀ ਸ਼ਨਾਖਤ ਨਹੀਂ ਕਰੇਗਾ। ਇਹ ਮਿੱਟੀ ਤੋਂ ਨਹੀਂ ਬਣਿਆ। ਇਹ ਮਿੱਟੀ ਵਿਚ ਮਿਲਣ ਦਾ ਸੁਪਨਾ ਨਹੀਂ ਦੇਖੇਗਾ। ਸਾਡੇ ਦੈਵੀ ਉਥਾਨ ਦੀ ਮਿੱਥ ਖੰਡਿਤ ਹੋ ਚੁੱਕੀ ਹੈ। ਬਦਲੀਆਂ ਸਥਿਤੀਆਂ ਨੂੰ ਸਵੀਕਾਰ ਕਰਕੇ ਨਵੇਂ ਅਣਦੇਖੇ ਭਵਿੱਖ ਦੀਆਂ ਚੁਣੌਤੀਆਂ ਲਈ ਖ਼ੁਦ ਨੂੰ ਤਿਆਰ ਕਰਨਾ ਅਤੇ ਮਾਨਵ, ਜਾਨਵਰ ਅਤੇ ਮਸ਼ੀਨ ਦੇ ਸਾਂਝੇ ਗਠਜੋੜ ਵਿਚ ਆਪਣੀ ਜ਼ਿੰਮੇਵਾਰ ਸਿਰਜਣਾਤਮਕ ਹੋਂਦ ਨੂੰ ਨਿਭਾਉਂਦੇ ਜਾਣਾ ਹੀ ਸਾਡੀ ਚੁਣੌਤੀ ਹੈ।

## ਹਵਾਲੇ ਟਿੱਪਣੀਆਂ:

1. Rene Descartes, **Discourse on Method**, (Trans.) John Virtch, page 44-45 But if there were machines bearing the image of our bodies and capable of imitating our actions as far as it is morally possible, there would still remain two most certain tests whereby they were not therefore really men… of these the first is that they could never use words or other signs arranged in such a manner as is competent to us in order to declare our thoughts to others… ... The second test is, that although such machines might execute many things with equal or perhaps greater perfection than any of us, they would, without doubt, fail in certain others from which it could be discovered that they did not act from knowledge, but solely from the disposition of their organs: for while reason is an universal instrument that is like available to every occasion, these organs on the contrary, need a particular arrangement for each particular action.
2. **Ibid**, page 37 Functions in which the animals void or reason may be said wholly to resemble us, but among which I could not discover any of those that, dependent on thought alone, belong to us as man, while on the other hand I did afterwards discover these as soon as I supposed God to have created a rational soul and to have annexed to this body in a particular manner which I described.
3. **Ibid,** page 27 And as I observed that I see very clearly that in order to think it is necessary to exist.
4. Friedrich Nietzche, **A Genealogy of Morals**, (Trans.) William A. Hausmann, page 128 The community is originally the organization of the weak for the production of an equilibrium with powers that threatens it with danger.
5. **Ibid,** page 14 …how could such a courageous and rich animal not be the most endangered as well.
6. **Online Oxford Dictionary**.
7. Donna Haraway, "**A Cyborg Manifesto: Science, Technology and Socialist-**Feminism in the Late Twentieth Century, " in simians, cyborgs and women: The reinvention of nature (New York; Routledge, 1991) page 150 By the late twentieth century our time, a mythic time, we are all chimeras, theorized and fabricated hybrids of machine and organism, in short, we are cyborgs. The Cyborg is our Ontology; it gives us our politics.
8. **Ibid**, page 150 The Cyborg is a creature in a post- gender world; it has no truck with bisexuality, pre-oedipal symbiosis, unaliended Labour or other seductions to organic wholeness through a final appropriation of all the powers of the parts into a higher unity. In a sense, the Cyborg has no origin story in the Western sense.
9. **Ibid**, page 154 A Cyborg world might be about lived social and bodily realities in which people are not afraid of their joint kinship with animals and machines.
10. **Ibid**, page 152 Our Machines are disturbingly lively and use ourselves frishtingly inert.

◈